# ਦਫਤਰ ਚੋਣਕਾਰ ਰਜਿਸਟਰੇਸ਼ਨ ਅਫ਼ਸਰ

091 ਭੁੱਚੋ ਮੰਡੀ ਵਿਧਾਨ ਸਭਾ ਹਲਕਾ (ਅ.ਜ.)-ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ, ਬਠਿੰਡਾ
ਕਮਰਾ ਨੰ:242-ਈ, ਪਹਿਲੀ ਮੰਜਲ, ਮਿੰਨੀ ਸਕੱਤਰੇਤ, ਬਠਿੰਡਾ।
email:-ero-91@punjab.gov.in


ਜਿੰਮੇਵਾਰ ਬਣੋ, ਵੋਟਰ ਬਣੋ

ਜਿੰਮੇਵਾਰ ਬਣੋ, ਵੋਟਰ ਬਣੋ

**ਪੱਤਰ ਨੰ:ਚੋਣਾਂ-2026/150**

**ਮਿਤੀ: 02-04-2026**

ਸੇਵਾ ਵਿਖੇ,

ਅਤਿ ਜਰੂਰੀ/ਮਿਤੀ ਬੱਧ

1. ਜਿਲ੍ਹਾ ਸਿੱਖਿਆ ਅਫਸਰ (ਸਕੈਂ.), ਬਠਿੰਡਾ, ਸ੍ਰੀ ਮੁਕਤਸਰ ਸਾਹਿਬ, ਬਰਨਾਲਾ, ਫਰੀਦਕੋਟ
2. ਜਿਲ੍ਹਾ ਸਿੱਖਿਆ ਅਫਸਰ (ਐਲੀ.), ਬਠਿੰਡਾ
3. ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਰਾਮਪੁਰਾ ਫੂਲ/ਨਥਾਣਾ/ਗੋਨਿਆਣਾ
4. ਮੁੱਖ ਖੇਤੀਬਾੜੀ ਅਫਸਰ, ਬਠਿੰਡਾ
5. ਭੂਮੀ ਰੱਖਿਆ ਅਫਸਰ, ਬਠਿੰਡਾ
6. ਸੀਨੀਅਰ ਮੈਡੀਕਲ ਅਫਸਰ, ਨਥਾਣਾ
7. ਸਿਵਲ ਸਰਜਨ, ਬਠਿੰਡਾ
8. ਕਾਰਜ ਸਾਧਕ ਅਫਸਰ, ਨਗਰ ਕੌਂਸਲ, ਭੁੱਚੋ ਮੰਡੀ/ ਗੋਨਿਆਣਾ/ਰਾਮਪੁਰਾ
9. ਕਾਰਜ ਸਾਧਕ ਅਫਸਰ, ਨਗਰ ਪੰਚਾਇਤ, ਨਥਾਣਾ/ਲਹਿਰਾ ਮੁਹੱਬਤ
10. ਸਕੱਤਰ ਮਾਰਕਿਟ ਕਮੇਟੀ, ਗੋਨਿਆਣਾ/ਨਥਾਣਾ
11. ਪ੍ਰਿੰਸੀਪਲ, ਸਰਕਾਰੀ ਆਈ.ਟੀ.ਆਈ., ਬਠਿੰਡਾ
12. ਜਿਲ੍ਹਾ ਮੰਡੀ ਅਫਸਰ, ਬਠਿੰਡਾ
13. ਜਿਲ੍ਹਾ ਮੈਨੇਜਰ ਹਾਊਸਫੈੱਡ, ਬਠਿੰਡਾ।
14. ਕਾਰਜਕਾਰੀ ਇੰਜਨੀਅਰ, ਜਸਸ, ਮੰਡਲ ਨੰ: 1/2, ਬਠਿੰਡਾ
15. ਕਾਰਜਕਾਰੀ ਇੰਜਨੀਅਰ, ਪੀ.ਡਬਲਯੂ.ਆਰ.ਐਮ.ਡੀ.ਸੀ, ਡਵੀਜ਼ਨ ਨੰ: 7, ਬਠਿੰਡਾ
16. ਕਾਰਜਕਾਰੀ ਇੰਜਨੀਅਰ, ਪੀ.ਡਬਲਯੂ.ਡੀ. (ਬੀ ਐਂਡ ਆਰ), ਪ੍ਰੋਵਿੰਸ਼ੀਅਲ ਡਵੀਜ਼ਨ, ਬਠਿੰਡਾ
17. ਕਾਰਜਕਾਰੀ ਇੰਜਨੀਅਰ, ਪੀ.ਡਬਲਯੂ.ਡੀ. (ਬੀ ਐਂਡ ਆਰ), ਨੈਸ਼ਨਲ ਹਾਈਵੇਅ ਮੰਡਲ ਨੰ: 1, ਬਠਿੰਡਾ
18. ਕਾਰਜਕਾਰੀ ਇੰਜਨੀਅਰ, ਪੀ.ਡਬਲਯੂ.ਡੀ. (ਬੀ ਐਂਡ ਆਰ), ਸੈਂਟਰਲ ਵਰਕਸ, ਬਠਿੰਡਾ
19. ਕਾਰਜਕਾਰੀ ਇੰਜਨੀਅਰ, ਨਹਿਰ ਮੰਡਲ, ਬਠਿੰਡਾ
20. ਪ੍ਰਿੰਸੀਪਲ, ਸਰਕਾਰੀ ਬਹੁਤਕਨੀਕੀ ਕਾਲਜ, ਬਠਿੰਡਾ
21. ਕਾਰਜਕਾਰੀ ਇੰਜੀਨੀਅਰ ਸਿਵਲ, ਪੰਜਾਬ ਮੰਡੀ ਬੋਰਡ, ਬਠਿੰਡਾ।

ਵਿਸ਼ਾ:- **Special Intensive Revision (S.I.R) w.r.t 01.01.2026-regarding.**

ਉਪਰੋਕਤ ਵਿਸ਼ੇ ਸਬੰਧੀ ਨਿਮਨਹਸਤਾਖਰ ਦੇ ਹਲਕੇ ਅਧੀਨ ਕੰਮ ਕਰਦੇ ਬੀ.ਐਲ.ਓਜ਼ ਵੱਲੋ ਮਾਨਯੋਗ ਮੁੱਖ ਚੋਣ ਅਫ਼ਸਰ, ਪੰਜਾਬ ਜੀ ਵੱਲੋ ਉਲੀਕੇ ਗਏ ਪ੍ਰੋਗਰਾਮ ਅਨੁਸਾਰ ਵੋਟਰ ਸੂਚੀ ਦੀ ਸਪੈਸ਼ਲ ਇੰਟੈਂਸਿਵ ਰਵੀਜਨ (Special Intensive Revision) ਤਹਿਤ ਵਿਧਾਨ ਸਭਾ ਚੋਣ ਹਲਕੇ ਦੀ ਮੌਜੂਦਾ ਵੋਟਰ ਸੂਚੀ ਦਾ ਮਿਲਾਨ ਸਾਲ 2003 ਦੀ ਵੋਟਰ ਸੂਚੀ ਨਾਲ ਕੀਤਾ ਜਾ ਰਿਹਾ ਹੈ। ਜਿਸ ਸਬੰਧੀ ਮਾਨਯੋਗ ਜਿਲ੍ਹਾ ਚੋਣ ਅਫ਼ਸਰ, ਬਠਿੰਡਾ ਜੀ ਵੱਲੋ ਮਿਤੀ: 02-04-2026 ਨੂੰ ਨਵੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਬੀ.ਐਲ.ਓ ਵੱਲੋ ਉਕਤ ਕੀਤੇ ਕੰਮ ਸਬੰਧੀ ਬੀ.ਐਲ.ਓ. ਐਪ ਉੱਪਰ ਮੈਪਿੰਗ ਮੁਕੰਮਲ ਕਰਵਾਈ ਜਾਣੀ ਹੈ। ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਦੇ ਦਫ਼ਤਰ ਅਧੀਨ ਕੰਮ ਕਰਦੇ ਜਿਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਦੀ ਡਿਊਟੀ ਨਿਮਨਹਸਤਾਖਰ ਦੇ ਦਫ਼ਤਰ ਅਧੀਨ ਬਤੌਰ ਬੀ.ਐਲ.ਓ ਲੱਗੀ ਹੋਈ ਹੈ ਨੂੰ ਸਕੂਲ/ਦਫ਼ਤਰੀ ਕੰਮ ਤੋਂ ਮਿਤੀ: 02-04-2026 ਤੋਂ ਅਗਲੇ ਹੁਕਮਾਂ ਤੱਕ ਫਾਰਗ ਕਰਦੇ ਹੋਏ ਬੀ.ਐਲ.ਓ ਡਿਊਟੀ ਲਈ ਪਾਬੰਦ ਕੀਤਾ ਜਾਵੇ ਤਾਂ ਜੋ ਉਕਤ ਕੰਮ ਨੂੰ ਸਮੇ ਸਿਰ ਨੇਪਰੇ ਚਾੜਿਆ ਜਾ ਸਕੇ।

ਚੋਣਕਾਰ ਰਜਿਸਟਰੇਸ਼ਨ ਅਫਸਰ,
091-ਭੁੱਚੋ ਮੰਡੀ (ਅ.ਜ) ਵਿਧਾਨ ਸਭਾ ਹਲਕਾ
ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ,
ਬਠਿੰਡਾ।

ਪਿੱਠ ਅੰਕਣ ਨੰ: 151-53

ਮਿਤੀ: 02-04-2026

ਉਪਰੋਕਤ ਦਾ ਉਤਾਰਾ:-

1) ਮਾਨਯੋਗ ਉੱਪ ਮੰਡਲ ਮੈਜਿਸਟਰੇਟ, ਬਠਿੰਡਾ/ਰਾਮਪੁਰਾ/ਤਲਵੰਡੀ ਸਾਬੋ ਜੀ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਜਿਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਡਿਊਟੀ ਨਿਮਨਹਸਤਾਖਰ ਦੇ 091-ਭੁੱਚੋ ਮੰਡੀ (ਅ.ਜ) ਵਿਧਾਨ ਸਭਾ ਹਲਕਾ ਅਧੀਨ ਬਤੌਰ ਬੀ.ਐਲ.ਓ ਲੱਗੀ ਹੋਈ ਹੈ ਅਤੇ ਜੇਕਰ ਆਪ ਵੱਲੋ ਉਨ੍ਹਾਂ ਦੀ ਡਿਊਟੀ ਕਿਸੇ ਹੋਰ ਕੰਮ ਸਬੰਧੀ ਆਪ ਦੇ ਦਫ਼ਤਰ ਅਧੀਨ ਲਗਾਈ ਗਈ ਹੈ ਤਾਂ ਉਨ੍ਹਾਂ ਨੂੰ ਮਿਤੀ: 02-04-2026 ਤੋਂ ਅਗਲੇ ਹੁਕਮਾਂ ਤੱਕ ਛੋਟ ਦਿੱਤੀ ਜਾਵੇ ਜੀ ਤਾਂ ਜੋ ਮਾਨਯੋਗ ਭਾਰਤ ਚੋਣ ਕਮਿਸ਼ਨ, ਨਵੀਂ ਦਿੱਲੀ ਜੀ ਵੱਲੋ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਕੰਮ ਸਮੇਂ ਸਿਰ ਮੁਕੰਮਲ ਕੀਤਾ ਜਾ ਸਕੇ ਜੀ।
2) ਸਮੂਹ ਸੁਪਰਵਾਈਜ਼ਰ 091-ਭੁੱਚੋ ਮੰਡੀ (ਅ.ਜ) ਵਿਧਾਨ ਸਭਾ ਹਲਕਾ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਆਪ ਦੇ ਸੈਕਟਰ ਅਧੀਨ ਕੰਮ ਕਰਦੇ ਸਮੂਹ ਬੀ.ਐਲ.ਓ ਵੱਲੋ ਮੌਜੂਦਾ ਵੋਟਰ ਸੂਚੀਆਂ ਦਾ ਮਿਲਾਨ ਸਾਲ 2003 ਦੀ ਵੋਟਰ ਸੂਚੀ ਨਾਲ ਕੀਤਾ ਜਾਣਾ ਹੈ। ਜਿਸ ਸਬੰਧੀ ਆਪ ਅਧੀਨ ਕੰਮ ਕਰਦੇ ਬੀ.ਐਲ.ਓ ਨੂੰ ਸਕੂਲ/ਦਫਤਰੀ ਕੰਮ ਤੋਂ ਫਾਰਗ ਕਰਵਾਉਂਦੇ ਹੋਏ ਮਿਲਾਨ ਕੀਤੇ ਗਏ ਵੋਟਰਾਂ ਦੀ ਕੈਟੀਗਿਰੀ ਵਾਈਜ਼ ਡਿਟੇਲ ਦੀ ਮੈਪਿੰਗ ਬੀ.ਐਲ.ਓ ਐਪ ਉੱਪਰ ਕਰਨ ਲਈ ਸਮੇਂ ਸਮੇਂ ਤੇ ਪੱਤਰ ਜਾਰੀ ਕੀਤੇ ਗਏ ਸਨ, ਪ੍ਰੰਤੂ ਨਿਮਨਹਸਤਾਖਰ ਦੇ ਧਿਆਣ ਵਿੱਚ ਆਇਆ ਹੈ ਕਿ ਅੱਜ ਮਿਤੀ: 02-04-2026 ਤੱਕ ਕੁੱਝ ਬੀ.ਐਲ.ਓ ਦੀ ਪ੍ਰਗਤੀ ਬਹੁਤ ਘੱਟ ਹੈ। ਜਿਸਤੋਂ ਸਾਫ ਜਾਹਿਰ ਹੁੰਦਾ ਹੈ ਕਿ ਉਨ੍ਹਾਂ ਵੱਲੋ ਚੋਣਾਂ ਸਬੰਧੀ ਮਹੱਤਵਪੂਰਨ ਕੰਮ ਨੂੰ ਮਹੱਤਤਾ ਨਹੀਂ ਦਿੱਤੀ ਜਾਂਦੀ। ਇਸ ਲਈ ਆਪ ਨੂੰ ਆਖਰੀ ਮੌਕਾ ਦਿੰਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਕੰਮ ਵੱਲ ਨਿੱਜੀ ਧਿਆਣ ਦਿੰਦੇ ਹੋਏ ਆਪ ਅਧੀਨ ਕੰਮ ਕਰਦੇ ਸਮੂਹ ਬੀ.ਐਲ.ਓ ਪਾਸੋ ਰੋਜਾਨਾ ਸਵੇਰੇ ਸ਼ਾਮ ਕੀਤੇ ਗਏ ਕੰ। ਦੀ ਪ੍ਰਗਤੀ ਰਿਪੋਰਟ ਲੈਂਦੇ ਹੋਏ ਇਸ ਦਫ਼ਤਰ ਦੇ ਬਣੇ ਵਟਸਐਪ ਗਰੁੱਪ ਵਿੱਚ ਸਾਂਝੀ ਕੀਤੀ ਜਾਵੇ ਅਤੇ ਉਕਤ ਕੰਮ ਮੁਕੰਮਲ ਕਰਵਾਉਣਾ ਯਕੀਨੀ ਬਣਾਇਆ ਜਾਵੇ।
3) ਉਪਰੋਕਤ ਦਾ ਉਤਾਰਾ ਸਮੂਹ ਬੀ.ਐਲ.ਓਜ਼, 091-ਭੁੱਚੋ ਮੰਡੀ (ਅ.ਜ) ਵਿਧਾਨ ਸਭਾ ਹਲਕਾ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਨਿਮਨਹਸਤਾਖਰ ਦੇ ਦਫ਼ਤਰ ਵੱਲੋ ਆਪ ਨੂੰ ਸਕੂਲ/ਦਫਤਰੀ ਕੰਮ ਤੋਂ ਸਮੇਂ ਸਮੇਂ ਤੇ ਫਾਰਗ ਕਰਵਾਉਂਦੇ ਹੋਏ ਮਿਲਾਨ ਕੀਤੇ ਗਏ ਵੋਟਰਾਂ ਦੀ ਕੈਟੀਗਿਰੀ ਵਾਈਜ਼ ਡਿਟੇਲ ਦੀ

ਦਫਤਰ ਚੋਣਕਾਰ ਰਜਿਸਟਰੇਸ਼ਨ ਅਫ਼ਸਰ
091 ਭੁੱਚੋ ਮੰਡੀ ਵਿਧਾਨ ਸਭਾ ਹਲਕਾ (ਅ.ਜ.)-ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ, ਬਠਿੰਡਾ
ਕਮਰਾ ਨੰ:242-ਈ, ਪਹਿਲੀ ਮੰਜਲ, ਮਿੰਨੀ ਸਕੱਤਰੇਤ, ਬਠਿੰਡਾ।
email:-ero-91@punjab.gov.in

ਜਿੰਮੇਵਾਰ ਬਣੋ, ਵੋਟਰ ਬਣੋ

ਜਿੰਮੇਵਾਰ ਬਣੋ, ਵੋਟਰ ਬਣੋ

ਪੱਤਰ ਨੰ:ਚੋਣਾਂ-2026/ ਮਿਤੀ:

ਮੈਪਿੰਗ ਬੀ.ਐਲ.ਓ ਐਪ ਉੱਪਰ ਕਰਨ ਲਈ ਕਿਹਾ ਗਿਆ ਸੀ। ਪ੍ਰੰਤੂ ਨਿਮਨਹਸਤਾਖਰ ਦੇ ਧਿਆਣ ਵਿੱਚ ਆਇਆ ਹੈ ਕਿ ਕੁੱਝ ਬੀ.ਐਲ.ਓ ਵੱਲੋ ਹਜੇ ਤੱਕ ਕੰਮ ਦੀ ਪ੍ਰਗਤੀ ਬਹੁਤ ਘੱਟ ਹੈ।ਜਿਸਤੋਂ ਸਾਫ ਜਾਹਿਰ ਹੁੰਦਾ ਹੈ ਕਿ ਆਪ ਵੱਲੋ ਚੋਣਾਂ ਸਬੰਧੀ ਮਹੱਤਵਪੂਰਨ ਕੰਮ ਨੂੰ ਮਹੱਤਤਾ ਨਹੀਂ ਦਿੱਤੀ ਜਾਂਦੀ। ਇਸ ਲਈ ਆਪ ਨੂੰ ਆਖਰੀ ਮੌਕਾ ਦਿੰਦੇ ਹੋਏ ਆਪ ਨੂੰ ਮਿਤੀ: 02-04-2026 ਤੋਂ ਸਕੂਲ/ਦਫਤਰ ਕੰਮ ਤੋਂ ਫਾਰਗ ਕਰਵਾਉਂਦੇ ਹੋਏ ਲਿਖਿਆ ਜਾਂਦਾ ਹੈ ਕਿ ਜੇਕਰ ਆਪ ਵੱਲੋਂ ਸਕੂਲ/ਦਫ਼ਤਰੀ ਕੰਮ ਤੋਂ ਫਾਰਗ ਹੁੰਦੇ ਹੋਏ ਵੀ ਉਕਤ ਕੰਮ 100 ਪ੍ਰਤੀਸ਼ਤ ਮੁਕੰਮਲ ਕੀਤਾ ਜਾਵੇ ਜੇਕਰ ਇਸ ਤਰ੍ਹਾਂ ਨਹੀਂ ਕੀਤਾ ਜਾਂਦਾ ਤਾਂ ਆਪ ਵਿਰੁੱਧ ਚੋਣਾਂ ਸਬੰਧੀ ਬਣਦੇ ਨਿਯਮਾਂ ਅਨੁਸਾਰ ਅਨੁਸ਼ਾਸਨੀ ਕਾਰਵਾਈ ਆਰੰਭੀ ਜਾਵੇਗੀ। ਜਿਸਦੇ ਆਪ ਖੁੱਦ ਜੁੰਮੇਵਾਰ ਹੋਵੋਗੇ।

ਨੋਟ:- ਇਸਤੋਂ ਇਲਾਵਾ ਜਿਨ੍ਹਾਂ ਬੀ.ਐਲ.ਓਜ਼ ਦਾ 100 ਪ੍ਰਤੀਸ਼ਤ ਕੰਮ ਮੁਕੰਮਲ ਹੋ ਚੁੱਕਾ ਹੈ ਉਹ ਆਪਣੇ ਨਾਲ ਵਾਲੇ ਬੀ.ਐਲ.ਓ ਜਿਨ੍ਹਾਂ ਦਾ ਕੰਮ ਅਧੂਰਾ ਹੈ ਉਨ੍ਹਾਂ ਨਾਲ ਸਹਾਇਤਾ ਕਰਨਗੇ।

ਚੋਣਕਾਰ ਰਜਿਸਟਰੇਸ਼ਨ ਅਫਸਰ,
091-ਭੁੱਚੋ ਮੰਡੀ (ਅ.ਜ) ਵਿਧਾਨ ਸਭਾ ਹਲਕਾ
ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ,
ਬਠਿੰਡਾ।

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈਂ.ਸਿ), ਬਠਿੰਡਾ।

ਪਿੱਠ ਅੰਕਣ ਨੰ: ਸੀ-1/(C)/2026/3031 ਮਿਤੀ: 02-04-2026

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀ (091 ਭੁੱਚੋ ਮੰਡੀ) ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਅਨੁਸਾਰ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ।

02/04/26

ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈ)
ਬਠਿੰਡਾ
02/04/26